# ਭਾਰਤ- ਇਰੀਤਰੀਆ ਵਿਚਕਾਰ 2ਜੇ ਦੌਰ ਦੇ ਵਿਦੇਸ਼ ਦਫ਼ਤਰ ਸਲਾਹ-ਮਸ਼ਵਰੇ (FOC)

ਮਈ 15, 2024

ਭਾਰਤ ਅਤੇ ਇਰੀਤਰੀਆ ਦੇ ਦਰਮਿਅਨ, ਵਿਦੇਸ਼ ਦਫ਼ਤਰ ਸਲਾਹ-ਮਸ਼ਵਰੇ (FOC) ਦਾ ਦੂਜਾ ਦੌਰ 15 ਮਈ, 2024 ਨੂੰ ਨਵੀਂ ਦਿੱਲੀ ਵਿੱਚ ਆਯੋਜਿਤ ਕੀਤਾ ਗਿਆ। ਭਾਰਤੀ ਵਫ਼ਦ ਦੀ ਅਗਵਾਈ ਵਿਦੇਸ਼ ਮੰਤਰਾਲੇ ਦੇ ਸੰਯੁਕਤ ਸਕੱਤਰ (WANA), ਡਾ. ਐੱਮ. ਸੁਰੇਸ਼ ਕੁਮਾਰ ਦੁਆਰਾ ਕੀਤੀ ਗਈ। ਇਰੀਤਰੀਆ ਦੇ ਵਫ਼ਦ ਵਲੋਂ ਉਨ੍ਹਾਂ ਦੇ ਵਿਦੇਸ਼ ਮੰਤਰਾਲੇ ਦੇ ਡਾਇਰੈਕਟਰ ਜਨਰਲ, ਸ਼੍ਰੀ ਇਬਰਾਹਿਮ ਓਸਮਾਨ ਮਹਿਮੂਦ ਨੇ ਅਗਵਾਈ ਕੀਤੀ। ਰਾਜਨੀਤਕ ਸਲਾਹ-ਮਸ਼ਵਰੇ ਦਾ ਪਹਿਲਾ ਦੌਰ ਅਕਤੂਬਰ 2018 ਵਿੱਚ ਅਸਮਾਰਾ, ਇਰੀਤਰੀਆ ਵਿੱਚ ਆਯੋਜਿਤ ਕੀਤਾ ਗਿਆ ਸੀ।

2. ਦੁਵੱਲੇ, ਖੇਤਰੀ ਅਤੇ ਬਹੁਪੱਖੀ ਮੁੱਦਿਆਂ 'ਤੇ ਸੁਹਿਰਦ ਅਤੇ ਉਸਾਰੂ ਢੰਗ ਨਾਲ ਵਿਚਾਰਾਂ ਦਾ ਆਦਾਨ-ਪ੍ਰਦਾਨ ਕੀਤਾ ਗਿਆ।ਉਨ੍ਹਾਂ ਨੇ ਦੱਖਣ-ਦੱਖਣ ਸਹਿਯੋਗ ਦੀ ਭਾਵਨਾ ਵਿੱਚ ਵਿਕਾਸ ਸਹਿਯੋਗ ਅਤੇ ਸਮਰੱਥਾ ਨਿਰਮਾਣ ਨੂੰ ਹੋਰ ਵਾਧਾ ਦੇਣ 'ਤੇ ਧਿਆਨ ਕੇਂਦ੍ਰਿਤ ਕੀਤਾ। ਦੋਵੇਂ ਪੱਖਾਂ ਨੇ ਖੇਤੀਬਾੜੀ ਅਤੇ ਫੂਡ ਪ੍ਰੋਸੈਸਿੰਗ, ਸਿਹਤ, ਫਾਰਮਾਸਿਊਟੀਕਲ, ਅਖੁੱਟ ਊਰਜਾ, ਖਣਨ, ਵਪਾਰ ਅਤੇ ਨਿਵੇਸ਼ ਦੇ ਖੇਤਰਾਂ ਵਿੱਚ ਮੌਜੂਦਾ ਸਹਿਯੋਗ 'ਤੇ ਚਰਚਾ ਕੀਤੀ ਅਤੇ ਆਪਣੇ ਸਹਿਯੋਗ ਨੂੰ ਹੋਰ ਵਿਸ਼ਾਲ ਅਤੇ ਡੂੰਘਾ ਕਰਨ ਦੇ ਤਰੀਕਿਆਂ ਬਾਰੇ ਵੀ ਗੱਲ-ਬਾਤ ਕੀਤੀ। ਡਿਜੀਟਲ ਪਬਲਿਕ ਬੁਨਿਆਦੀ ਢਾਂਚੇ ਦੇ ਮਹੱਤਵ ਨੂੰ, ਸਹਿਯੋਗ ਦੇ ਇੱਕ ਕਾਰਜ-ਕੇਂਦਰੀ ਖੇਤਰ ਦੇ ਰੂਪ ਵਿੱਚ ਰੇਖਾਂਕਿਤ ਕਰਦੇ ਹੋਏ, ਉਨ੍ਹਾਂ ਨੇ ਇਰੀਤਰੀਆ ਵਿੱਚ ਡਿਜੀਟਲ ਗਵਰਨੈਂਸ ਢਾਂਚੇ ਵਿੱਚ ਸੁਧਾਰ ਦੇ ਵਾਸਤੇ ਸੰਭਾਵਿਤ ਸਮਰਥਨ/ਸਹਿਯੋਗ 'ਤੇ ਚਰਚਾ ਕੀਤੀ। ਦੋਵੇਂ ਪੱਖਾਂ ਨੇ ਆਪਸੀ ਹਿੱਤਾਂ ਦੇ ਖੇਤਰੀ ਅਤੇ ਵਿਸ਼ਵ-ਪੱਧਰੀ ਮੁੱਦਿਆਂ 'ਤੇ ਵੀ ਵਿਚਾਰਾਂ ਦਾ ਅਦਾਨ-ਪ੍ਰਦਾਨ ਕੀਤਾ।

3. ਭਾਰਤ ਅਤੇ ਇਰੀਤਰੀਆ ਨਿੱਘੇ ਅਤੇ ਦੋਸਤਾਨਾ ਸਬੰਧ ਸਾਂਝੇ ਕਰਦੇ ਹਨ ਅਤੇ ਦੋਵੇਂ ਧਿਰ ਦੁਵੱਲੇ ਸਬੰਧਾਂ ਨੂੰ ਹੋਰ ਮਜ਼ਬੂਤ ਕਰਨ ਲਈ ਹੋਰ ਸਮਰਥਨ ਦੇਣ ਲਈ ਸਹਿਮਤ ਹੋਈਆਂ। FOC ਦਾ ਅਗਲਾ ਦੌਰ ਆਪਸੀ ਸੁਵਿਧਾਜਨਕ ਸਮੇਂ 'ਤੇ ਇਰੀਤਰੀਆ ਵਿੱਚ ਆਯੋਜਿਤ ਕੀਤਾ ਜਾਵੇਗਾ।

**ਨਵੀਂ ਦਿੱਲੀ**
**ਮਈ 15, 2024**